**ਦਫਤਰ ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।**
**(ਫੁਟਕਲ ਸ਼ਾਖਾ)**

**ਫੌਜ਼ਦਾਰੀ ਧਾਰਾ 144 ਅਧੀਨ ਹੁਕਮ**

ਸੀਨੀਅਰ ਕਪਤਾਨ ਪੁਲਿਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਮੇਰੇ ਧਿਆਨ ਵਿੱਚ ਲਿਆਦਾ ਗਿਆ ਹੈ ਕਿ ਵੱਖ-ਵੱਖ ਕਰਮਚਾਰੀ ਯੂਨੀਅਨਾਂ, ਬੇਰੁਜਗਾਰ ਆਦਿ ਯੂਨੀਅਨਾਂ/ਫੈਡਰੇਸ਼ਨਾਂ ਵੱਲੋਂ ਆਪਣੀਆ ਮੰਗਾ ਸਬੰਧੀ ਜਿਲ੍ਹੇ ਦੀਆ ਵੱਖ-ਵੱਖ ਪਾਣੀ ਵਾਲੀਆ ਟੈਂਕੀਆ, ਟੈਲੀਫੋਨ ਟਾਵਰਾਂ, ਹੋਰ ਸਰਕਾਰੀ/ਨਿੱਜੀ ਇਮਾਰਤਾ ਉੱਤੇ ਚੜਕੇ ਅਤੇ ਸੜਕਾ ਆਦਿ ਤੇ ਜਾਮ ਲਗਾਕੇ ਧਰਨਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਵੀਜ਼ਨ ਨੰਬਰ 3, ਐਸ.ਏ.ਐਸ.ਨਗਰ ਨੇ ਵੀ ਪੱਤਰ ਨੰਬਰ: ਸਪੈਸ਼ਲ-1 ਮਿਤੀ: 07/05/2019 ਰਾਹੀਂ ਯੂਨੀਅਨਾਂ ਵੱਲੋਂ ਲਗਾਏ ਜਾਦੇ ਧਰਨਿਆ ਬਾਰੇ ਜ਼ਿਕਰ ਕੀਤਾ ਹੈ। ਇਨ੍ਹਾਂ ਧਰਨਿਆ ਅਤੇ ਰੈਲੀਆ ਦੌਰਾਨ ਆਮ ਜਨਤਾ ਨੂੰ ਆਉਣ ਜਾਣ ਸਬੰਧੀ ਬਹੁਤ ਮੁਸ਼ਕਲਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਨ੍ਹਾਂ ਗਤੀਵਿਧੀਆ ਕਾਰਨ ਜਾਨੀ-ਮਾਲੀ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਸਬੰਧਤ ਪ੍ਰਦਰਸ਼ਨਕਾਰੀ ਆਪਣੀ ਜਿੰਦਗੀ ਨੂੰ ਵੀ ਖਤਰੇ ਵਿੱਚ ਪਾਉਂਦੇ ਹਨ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਭੰਗ ਵੀ ਹੋ ਸਕਦੀ ਹੈ। ਇਸ ਸਾਰੀ ਸਥਿਤੀ ਦੇ ਮੱਦੇ ਨਜ਼ਰ ਇਨ੍ਹਾਂ ਕਾਰਵਾਈਆ ਨੂੰ ਰੋਕਣ ਦੀ ਸਖਤ ਜਰੂਰਤ ਹੈ। ਵੱਖ-ਵੱਖ ਵਿਭਾਗਾ ਦੀਆ ਇਨ੍ਹਾਂ ਬਿਲਡਿੰਗਾਂ ਆਦਿ ਤੇ ਇਹ ਧਰਨਾਕਾਰੀ ਨਾ ਚੜਨ ਅਤੇ ਸੜਕਾ ਤੇ ਜਾਮ ਨਾ ਲਾਉਣ ਆਦਿ ਸਬੰਧੀ ਪੁਖੱਤਾ ਪ੍ਰਬੰਧ ਕੀਤੇ ਜਾਣ ਦੀ ਵੀ ਲੋੜ ਹੈ।

ਇਸ ਲਈ ਮੈਂ, ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੀ ਹੋਈ ਜਿਲ੍ਹੇ ਵਿੱਚ ਪੈਂਦੀਆ ਸਮੂਹ ਪਾਣੀ ਵਾਲੀਆ ਟੈਂਕੀਆ/ਟਿਊਬਵੈਲਾ, ਟੈਲੀਫੋਨ ਟਾਵਰਾ, ਸਰਕਾਰੀ/ਨਿੱਜੀ ਇਮਾਰਤਾ ਤੇ ਚੜ੍ਹਨ, ਇਨ੍ਹਾਂ ਆਲੇ-ਦੁਆਲੇ ਧਰਨੇ/ਰੈਲੀਆ ਕਰਨ, ਸੜਕਾਂ ਆਦਿ ਜਾਮ ਕਰਨ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦੀ ਹਾਂ ਤਾਂ ਜ਼ੋ ਅਮਨ ਤੇ ਕਾਨੂੰਨ ਦੀ ਵਿਵਸਥਾ ਕਾਇਮ ਰੱਖੀ ਜਾ ਸਕੇ।

ਇਹ ਹੁਕਮ ਮਿਤੀ 07-05-2019 ਤੋਂ ਮਿਤੀ 06-07-2019 ਤੱਕ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਤੁਰੰਤ ਅਸਰ ਨਾਲ ਲਾਗੂ ਰਹੇਗਾ।

ਸੀਨੀਅਰ ਕਪਤਾਨ ਪੁਲਿਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਇਸ ਹੁਕਮ ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾ ਸਮੂਹ ਸਬੰਧਤ ਵਿਭਾਗਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਲ੍ਹੇ ਵਿੱਚ ਬਣੇ ਜਲ ਘਰਾਂ/ਪਾਣੀ ਵਾਲੀਆ ਟੈਂਕੀਆ ਅਤੇ ਮੋਬਾਇਲ ਅਤੇ ਟੈਲੀਫੋਨ ਟਾਵਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਧਰਨਾਕਾਰੀ ਸੜਕਾ ਆਦਿ ਤੇ ਜਾਮ ਨਾ ਲਗਾਉਣ ਇਸ ਦੇ ਵੀ ਪੁਖਤਾ ਪ੍ਰਬੰਧ ਕੀਤੇ ਜਾਣ।

ਇਸ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਇਲਾਕਿਆਂ ਵਿੱਚ ਜ਼ਿਲਾ ਲੋਕ ਸੰਪਰਕ ਅਫਸਰ, ਐਸ.ਏ.ਐਸ ਨਗਰ ਦੀ ਪ੍ਰਚਾਰ ਵੈਨ ਅਤੇ ਸਰਕਾਰੀ ਦਫ਼ਤਰਾਂ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀਆਂ ਕਾਪੀਆਂ ਚਸਪਾ ਕਰਕੇ ਰੇਡੀਉ ਟੈਲੀਵੀਜਨ, ਦੂਰਦਰਸ਼ਨ ਅਤੇ ਪ੍ਰੈਸ ਰਾਹੀਂ ਆਮ ਜਨਤਾ ਤੱਕ ਪਹੁੰਚਾਇਆ ਜਾਵੇ।

ਇਹ ਹੁਕਮ ਅੱਜ ਮਿਤੀ 07-05-2019 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

District Magistrate S.A.S. Nagar

ਸਹੀ
ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ.,
ਜ਼ਿਲ੍ਹਾ ਮੈਜਿਸਟਰੇਟ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਪਿੱਠ ਅੰਕਣ ਨੰ: 7320-7398 /ਐਮ.ਸੀ-1 ਮਿਤੀ: 08/05/2019

ਇਸ ਦਾ ਇੱਕ ਉਤਾਰਾ:-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ,ਚੰਡੀਗੜ੍ਹ।
3. ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।
4. ਡੀ.ਆਈ.ਜੀ. ਰੇਜ ਰੂਪਨਗਰ।
5. ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ, ਸਾਹਿਬਜਾਦਾ ਅਜੀਤ ਸਿੰਘ ਨਗਰ।
6. ਮੁੱਖ ਪ੍ਰਸਾਸ਼ਕ, ਗਮਾਡਾ/ਪੁੱਡਾ, ਸਾਹਿਬਜਾਦਾ ਅਜੀਤ ਸਿੰਘ ਨਗਰ।
7. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ, ਸਾਹਿਬਜਾਦਾ ਅਜੀਤ ਸਿੰਘ ਨਗਰ।
8. ਸਪੈਸ਼ਲ ਸਕੱਤਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਫੇਜ 2, ਐਸ.ਏ.ਐਸ.ਨਗਰ।
9. ਮੁੱਖ ਇੰਜੀਨੀਅਰ, ਵਾਟਰ ਰਿਸੋਰਸਿਜ਼ ਭਵਨ, ਪੰਜਾਬ ਸੈਕਟਰ-68, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
10. ਮੁੱਖ ਵਣ ਪਾਲ, ਵਣ ਭਵਨ, ਪੰਜਾਬ, ਸੈਕਟਰ-68, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
11. ਜਿਲਾ ਅਤੇ ਸ਼ੈਸ਼ਨ ਜੱਜ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
12. ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
13. ਸੀਨੀਅਰ ਪੁਲਿਸ ਕਪਤਾਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
14. ਸਮੂਹ ਜਿਲਾ ਮੈਜਿਸਟਰੇਟ ਰੂਪਨਗਰ, ਫਤਹਿਗੜ੍ਹ ਸਾਹਿਬ, ਪਟਿਆਲਾ, ਸੰਗਰੂਰ, ਮਾਨਸਾ, ਲੁਧਿਆਣਾ, ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਮੋਗਾ, ਮੁਕਤਸਰ, ਅਮ੍ਰਿਤਸਰ, ਤਰਨ ਤਾਰਨ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਗੁਰਦਾਸਪੁਰ, ਬਰਨਾਲਾ, ਫਾਜਲਿਕਾ, ਪਠਾਨਕੋਟ।
15. ਕਮਿਸ਼ਨਰ, ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
16. ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
17. ਰਜਿਸਟਰਾਰ, ਪੰਜਾਬ ਮੈਡੀਕਲ ਕੌਂਸਲ, ਸੈਕਟਰ-69, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
18. ਸਿਵਲ ਸਰਜਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
19. ਜ਼ਿਲ੍ਹਾ ਟਰਾਂਸਪੋਰਟ,ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
20. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
21. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
22. ਉਪ ਮੰਡਲ ਮੈਜਿਸਟਰੇਟ, ਮੋਹਾਲੀ, ਖਰੜ, ਡੇਰਾਬਸੀ।
23. ਤਹਿਸੀਲਦਾਰ, ਮੋਹਾਲੀ, ਖਰੜ, ਡੇਰਾਬਸੀ।
24. ਨਾਇਬ ਤਹਿਸੀਲਦਾਰ, ਮਾਜਰੀ, ਬਨੂੰੜ, ਜੀਰਕਪੁਰ।
25. ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰ: 1, 2 ਅਤੇ 3, ਸਾਹਿਬਜਾਦਾ ਅਜੀਤ ਸਿੰਘ ਨਗਰ।
26. ਕਾਰਜਕਾਰੀ ਇੰਜੀਨੀਅਰ, ਕੇਂਦਰੀ ਕਾਰਜ ਮੰਡਲ, ਲੋਕ ਨਿਰਮਾਣ ਵਿਭਾਗ, ਭ: ਤੇ ਮ: ਸ਼ਾਖਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
27. ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ, ਭ: ਤੇ ਮ: ਸ਼ਾਖਾ, ਸਾਹਿਬਜਾਦਾ ਅਜੀਤ ਸਿੰਘ ਨਗਰ।
28. ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭ: ਤੇ ਮ: ਸ਼ਾਖਾ, ਸਾਹਿਬਜਾਦਾ ਅਜੀਤ ਸਿੰਘ ਨਗਰ।
29. ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਮਾਜਰੀ, ਖਰੜ, ਡੇਰਾਬਸੀ।
30. ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਖਰੜ, ਕੁਰਾਲੀ, ਡੇਰਾਬਸੀ, ਨਿਆ ਗਰਾਓ, ਜੀਰਕਪੁਰ, ਬਨੂੜ ਅਤੇ ਲਾਲੜੂ।
31. ਸਕੱਤਰ, ਮਾਰਕੀਟ ਕਮੇਟੀ, ਖਰੜ, ਡੇਰਾਬਸੀ, ਕੁਰਾਲੀ, ਲਾਲੜੂ ਅਤੇ ਬਨੂੰੜ।
32. ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
33. ਜ਼ਿਲ੍ਹਾ ਸਿੱਖਿਆ ਅਫ਼ਸਰ, ਪ੍ਰਾਇਮਰੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
34. ਸੁਪਰਡੰਟ ਗਰੇਡ-1/ਪੀ.ਏ.ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ.(ਜ)/ਸਟੈਨੋ ਟੂ ਸ:ਕ:(ਜ:/ਸਿ:) ਨੂੰ ਸੂਚਨਾ ਤੇ ਅਗਲੀ ਕਾਰਵਾਈ ਹਿੱਤ।

ਸਹਾਇਕ ਕਮਿਸ਼ਨਰ (ਜ),
ਵਾ: ਜ਼ਿਲ੍ਹਾ ਮੈਜਿਸਟਰੇਟ,
ਐਸ.ਏ.ਐਸ.ਨਗਰ।